# ਜੁਮਾ ਖੁਤਬਾ: ਅੰਧਵਿਸ਼ਵਾਸ (ਤਸ਼ਾਉਮ): ਖ਼ਤਰਾ ਅਤੇ ਇਲਾਜ

## ਮਿਤੀ :22 ਰਬੀ ਉਲ-ਅੱਵਲ 1448 ਹਿਜਰੀ (4 ਸਤੰਬਰ 2026)

إِنَّ الْحَمْدَ لِلَّهِ، نَحْمَدُهُ وَنَسْتَعِينُهُ وَنَسْتَغْفِرُهُ، وَنَعُوذُ بِاللَّهِ مِنْ شُرُورِ أَنْفُسِنَا وَمِنْ سَيِّئَاتِ أَعْمَالِنَا، مَنْ يَهْدِهِ اللَّهُ فَلَا مُضِلَّ لَهُ، وَمَنْ يُضْلِلْ فَلَا هَادِيَ لَهُ، وَأَشْهَدُ أَنْ لَا إِلَهَ إِلَّا اللَّهُ وَحْدَهُ لَا شَرِيكَ لَهُ، وَأَشْهَدُ أَنَّ مُحَمَّدًا عَبْدُهُ وَرَسُولُهُ

{يَا أَيُّهَا الَّذِينَ آمَنُوا اتَّقُوا اللَّهَ حَقَّ تُقَاتِهِ وَلَا تَمُوتُنَّ إِلَّا وَأَنْتُمْ مُسْلِمُونَ}

*"ਹੇ ਈਮਾਨ ਵਾਲਿਓ! ਅੱਲਾਹ ਤੋਂ ਡਰੋ ਜਿਵੇਂ ਉਸ ਤੋਂ ਡਰਨ ਦਾ ਹੱਕ ਹੈ, ਅਤੇ ਤੁਹਾਨੂੰ ਮੌਤ ਨਾ ਆਵੇ ਮਗਰ ਇਸ ਹਾਲਤ ਵਿੱਚ ਕਿ ਤੁਸੀਂ ਮੁਸਲਮਾਨ ਹੋ।" (ਸੂਰਹ ਆਲ-ਏ-ਇਮਰਾਨ: 102)*

### ਅੰਧਵਿਸ਼ਵਾਸ ਦੀ ਹਕੀਕਤ

**ਹੇ ਮੁਸਲਮਾਨੋ!** ਸੱਚੇ ਈਮਾਨ ਅਤੇ ਪੂਰੇ ਤੌਹੀਦ (ਇੱਕ ਅੱਲਾਹ ਉੱਤੇ ਯਕੀਨ) ਦੀ ਲਾਜ਼ਮੀ ਮੰਗ ਇਹ ਹੈ ਕਿ ਇਨਸਾਨ ਹਰ ਉਸ ਚੀਜ਼ ਤੋਂ ਬਚੇ ਜੋ ਉਸ ਦੇ ਈਮਾਨ ਅਤੇ ਦੀਨ ਨੂੰ ਪ੍ਰਭਾਵਿਤ ਕਰਦੀ ਹੈ, ਅਤੇ ਉਸ ਦੇ ਤੌਹੀਦ ਤੇ ਯਕੀਨ ਵਿੱਚ ਫਰਕ ਪਾਉਂਦੀ ਹੈ। ਸਾਡੇ ਸੱਚੇ ਦੀਨ ਨੇ ਜਾਹਿਲੀਅਤ (ਅਗਿਆਨਤਾ) ਦੀਆਂ ਜਿਨ੍ਹਾਂ ਰੀਤਾਂ ਨੂੰ ਖ਼ਤਮ ਕੀਤਾ ਹੈ ਅਤੇ ਸਾਡੇ ਪਿਆਰੇ ਰਸੂਲ ﷺ ਨੇ ਜਿਸ ਤੋਂ ਖ਼ਬਰਦਾਰ ਕੀਤਾ ਹੈ, ਉਨ੍ਹਾਂ ਵਿੱਚੋਂ ਇੱਕ **ਤਸ਼ਾਉਮ (ਅੰਧਵਿਸ਼ਵਾਸ/ਬਦਸ਼ਗੂਨੀ)** ਹੈ। ਇਸ ਦਾ ਕਾਰਨ ਇਹ ਹੈ ਕਿ ਅੰਧਵਿਸ਼ਵਾਸੀ ਵਿਅਕਤੀ ਦਾ ਦਿਲ ਆਪਣੀਆਂ ਲੋੜਾਂ ਦੀ ਪ੍ਰਾਪਤੀ ਅਤੇ ਖ਼ਤਰਿਆਂ ਤੋਂ ਬਚਾਅ ਲਈ ਅੱਲਾਹ ਤੋਂ ਬਿਨਾਂ ਹੋਰਾਂ ਵੱਲ ਧਿਆਨ ਦੇਣ ਲੱਗ ਪੈਂਦਾ ਹੈ।

ਕਾਫ਼ਿਰ ਪੰਛੀਆਂ ਤੋਂ ਬਦਸ਼ਗੂਨੀ ਲੈਂਦੇ ਸਨ। ਜਦੋਂ ਕੋਈ ਪੰਛੀ ਸੱਜੇ ਪਾਸੇ ਉੱਡਦਾ ਤਾਂ ਉਹ ਕਹਿੰਦੇ: "ਇਹ ਚੰਗਾ ਹੈ" ਅਤੇ ਉਹ ਕੰਮ ਕਰਨ ਲਈ ਅੱਗੇ ਵਧ ਜਾਂਦੇ। ਜਦੋਂ ਪੰਛੀ ਖੱਬੇ ਪਾਸੇ ਉੱਡਦਾ ਤਾਂ ਉਹ ਕਹਿੰਦੇ: "ਇਹ ਬੁਰਾ ਹੈ" ਅਤੇ ਕੰਮ ਕਰਨ ਤੋਂ ਰੁਕ ਜਾਂਦੇ। ਜੇਕਰ ਕੋਈ ਕਾਂ ਕਿਸੇ ਦੇ ਘਰ 'ਤੇ ਬੈਠ ਜਾਂਦਾ, ਤਾਂ ਉਹ ਬਦਸ਼ਗੂਨੀ ਮੰਨਦੇ ਅਤੇ ਬੁਰਾਈ/ਮੁਸੀਬਤ ਆਉਣ ਤੋਂ ਡਰਦੇ।

## ◆ ਬਦਸ਼ਗੂਨੀ ਦੀਆਂ ਕਿਸਮਾਂ

**ਅੱਲਾਹ ਦੇ ਬੰਦਿਓ!** ਅੰਧਵਿਸ਼ਵਾਸ ਦੇ ਕਈ ਰੂਪ ਅਤੇ ਰੰਗ ਹਨ:

- ਕਿਸੇ ਖ਼ਾਸ ਨੰਬਰ ਨੂੰ ਅਸ਼ੁੱਭ ਮੰਨਣਾ, ਜਿਵੇਂ ਕਿ ਈਸਾਈ 13 ਨੰਬਰ ਨੂੰ ਅਸ਼ੁੱਭ ਮੰਨਦੇ ਹਨ।
- ਕਿਸੇ ਵਿਅਕਤੀ ਤੋਂ ਬਦਸ਼ਗੂਨੀ ਲੈਣਾ, ਜਿਵੇਂ ਇਹ ਕਹਿਣਾ: *"ਫਲਾਣੇ ਦਾ ਚਿਹਰਾ ਮਨਹੂਸ ਹੈ, ਜਦੋਂ ਵੀ ਮੈਂ ਉਸ ਨਾਲ ਸਫ਼ਰ ਕੀਤਾ, ਮੇਰੇ ਨਾਲ ਇਹ-ਇਹ ਘਟਨਾ ਵਾਪਰ ਗਈ।"*
- ਜਾਂ ਕੁਝ ਲੋਕਾਂ ਦਾ ਇਹ ਕਹਿਣਾ: *"ਖ਼ੈਰ ਯਾ ਤੈਰ"* (ਹੇ ਪੰਛੀ, ਖ਼ੈਰ ਹੋਵੇ)।

ਇਹ ਸਭ ਮਨ੍ਹਾ ਹੈ। ਭਲਾਈ ਸਿਰਫ਼ ਅੱਲਾਹ ਅਜ਼-ਓ-ਜੱਲ ਵੱਲੋਂ ਹੀ ਆਉਂਦੀ ਹੈ, ਉਹੀ ਹੈ ਜਿਸ ਦੇ ਹੱਥ ਵਿੱਚ ਸਭ ਭਲਾਈ ਹੈ, ਅਤੇ ਹਰ ਮਾਮਲਾ ਉਸੇ ਵੱਲ ਮੋੜਿਆ ਜਾਂਦਾ ਹੈ।

## ◆ ਅੰਧਵਿਸ਼ਵਾਸ ਸ਼ਿਰਕ ਹੈ

ਬਦਸ਼ਗੂਨੀ ਅਸਲ ਵਿੱਚ ਸ਼ੈਤਾਨ ਵੱਲੋਂ ਦਿਲ ਵਿੱਚ ਡਰ ਅਤੇ ਵਸਵਸਾ ਪਾਉਣਾ ਹੈ, ਅਤੇ ਅੱਲਾਹ ਤਆਲਾ ਤੋਂ ਬਿਨਾਂ ਹੋਰਾਂ ਨਾਲ ਦਿਲ ਲਗਾਉਣਾ ਅਤੇ ਅੱਲਾਹ ਨਾਲ ਬੁਰਾ ਗੁਮਾਨ (ਗਲਤ ਧਾਰਨਾ) ਰੱਖਣਾ ਹੈ। ਕਿਉਂਕਿ ਅਜਿਹਾ ਕਰਨ ਵਾਲੇ ਨੇ ਇਹ ਮੰਨ ਲਿਆ ਕਿ ਇਹ ਚੀਜ਼ ਅੱਲਾਹ ਅਜ਼-ਓ-ਜੱਲ ਤੋਂ ਬਿਨਾਂ ਨਫ਼ਾ ਜਾਂ ਨੁਕਸਾਨ ਪਹੁੰਚਾ ਸਕਦੀ ਹੈ। ਇਸ ਲਈ ਅੱਲਾਹ ਦੇ ਬੰਦੇ 'ਤੇ ਲਾਜ਼ਮੀ ਹੈ ਕਿ ਇਸ ਵਿਰੁੱਧ ਲੜੇ ਅਤੇ ਇਸ ਨੂੰ ਜੜ੍ਹੋਂ ਉਖਾੜੇ, ਖ਼ਾਸਕਰ ਜਦੋਂ ਨਬੀ ਕਰੀਮ ﷺ ਨੇ ਇਸ ਨੂੰ **ਸ਼ਿਰਕ** ਕਰਾਰ ਦਿੱਤਾ ਹੈ ਅਤੇ ਉੱਮਤ ਨੂੰ ਇਸ ਤੋਂ ਖ਼ਬਰਦਾਰ ਕੀਤਾ ਹੈ।

**ਹਦੀਸ:** ਹਜ਼ਰਤ ਇਬਨ ਮਸਊਦ (ਰਜ਼ੀ.) ਤੋਂ ਰਵਾਇਤ ਹੈ ਕਿ ਰਸੂਲੁੱਲਾਹ ﷺ ਨੇ ਫ਼ਰਮਾਇਆ:

«الطِّيَرَةُ شِرْكٌ، الطِّيَرَةُ شِرْكٌ»

*(ਅਹਿਮਦ, ਅਬੂ ਦਾਊਦ, ਅਲਬਾਨੀ ਨੇ ਸਹੀ ਕਿਹਾ)*

*"ਬਦਸ਼ਗੂਨੀ ਲੈਣਾ ਸ਼ਿਰਕ ਹੈ, ਬਦਸ਼ਗੂਨੀ ਲੈਣਾ ਸ਼ਿਰਕ ਹੈ।"*

ਬਦਸ਼ਗੂਨੀ ਅੰਧਵਿਸ਼ਵਾਸ ਦਾ ਹੀ ਇੱਕ ਰੂਪ ਹੈ।

## ◆ ਅੰਬੀਆ ਦੇ ਦੁਸ਼ਮਣਾਂ ਦੀ ਨਿਸ਼ਾਨੀ

ਬਦਸ਼ਗੂਨੀ ਲੈਣਾ ਕਾਫ਼ਿਰਾਂ ਅਤੇ ਰਸੂਲਾਂ ਦੇ ਦੁਸ਼ਮਣਾਂ ਦਾ ਲੱਛਣ ਹੈ। ਫ਼ਿਰਔਨ ਦੀ ਕੌਮ 'ਤੇ ਜਦੋਂ ਕੋਈ ਮੁਸੀਬਤ ਜਾਂ ਸੁੱਕਾ (ਕਾਲ) ਆਉਂਦਾ, ਤਾਂ ਉਹ ਦਾਅਵਾ ਕਰਦੇ ਕਿ ਇਹ ਮੁਸੀਬਤ ਹਜ਼ਰਤ ਮੂਸਾ (ਅਲੈ.) ਅਤੇ ਉਨ੍ਹਾਂ ਦੇ ਸਾਥੀਆਂ ਦੀ ਮਨਹੂਸਅਤ ਕਰਕੇ ਆਈ ਹੈ।

ਅੱਲਾਹ ਤਆਲਾ ਨੇ ਫ਼ਰਮਾਇਆ:

{وَإِنْ تُصِبْهُمْ سَيِّئَةٌ يَطَّيَّرُوا بِمُوسَى وَمَنْ مَعَهُ}

*"ਅਤੇ ਜੇਕਰ ਉਨ੍ਹਾਂ ਨੂੰ ਕੋਈ ਤਕਲੀਫ਼ ਪਹੁੰਚਦੀ, ਤਾਂ ਉਹ ਮੂਸਾ ਅਤੇ ਉਸ ਦੇ ਸਾਥੀਆਂ ਨੂੰ ਅਸ਼ੁੱਭ ਮੰਨਣ ਲੱਗ ਪੈਂਦੇ।" (ਸੂਰਹ ਅਲ-ਅਅਰਾਫ਼: 131)*

ਅੱਲਾਹ ਨੇ ਉਨ੍ਹਾਂ ਨੂੰ ਜਵਾਬ ਦਿੱਤਾ:

{أَلَا إِنَّمَا طَائِرُهُمْ عِنْدَ اللَّهِ وَلَكِنَّ أَكْثَرَهُمْ لَا يَعْلَمُونَ}

*"ਸੁਣੋ! ਉਨ੍ਹਾਂ ਦੀ ਬਦਕਿਸਮਤੀ ਦਾ ਸਾਮਾਨ ਤਾਂ ਅੱਲਾਹ ਦੇ ਕੋਲ ਹੈ, ਪਰ ਉਨ੍ਹਾਂ ਵਿੱਚੋਂ ਬਹੁਤੇ ਨਹੀਂ ਜਾਣਦੇ।" (ਸੂਰਹ ਅਲ-ਅਅਰਾਫ਼: 131)*

ਯਾਨੀ ਜੋ ਮੁਸੀਬਤ ਉਨ੍ਹਾਂ 'ਤੇ ਆਈ, ਉਹ ਅੱਲਾਹ ਦੇ ਹੁਕਮ ਅਤੇ ਤਕਦੀਰ ਨਾਲ, ਉਨ੍ਹਾਂ ਦੇ ਕੁਫ਼ਰ, ਗੁਨਾਹਾਂ ਅਤੇ ਹਜ਼ਰਤ ਮੂਸਾ (ਅਲੈ.) ਨੂੰ ਝੂਠਾ ਬਣਾਉਣ ਕਰਕੇ ਆਈ ਸੀ। ਫਿਰ ਅੱਲਾਹ ਨੇ ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਅਗਿਆਨੀ ਕਰਾਰ ਦਿੱਤਾ।

ਈਮਾਨ ਵਾਲਿਆਂ ਦੀ ਹਾਲਤ ਇਹ ਹੈ ਕਿ ਉਹ ਆਪਣੇ ਤੌਹੀਦ ਦੀ ਰੱਖਿਆ ਕਰਦੇ ਹਨ, ਅਤੇ ਜੇਕਰ ਕੋਈ ਤੌਹੀਦ ਵਿੱਚ ਫਰਕ ਪਾਵੇ ਤਾਂ ਉਸ 'ਤੇ ਸਖ਼ਤੀ ਨਾਲ ਇਨਕਾਰ ਕਰਦੇ ਹਨ। ਇੱਕ ਵਾਰ ਇੱਕ ਪੰਛੀ ਬੋਲਿਆ, ਤਾਂ ਇੱਕ ਆਦਮੀ ਨੇ ਕਿਹਾ: *"ਖ਼ੈਰ ਹੈ, ਖ਼ੈਰ ਹੈ!"* ਹਜ਼ਰਤ ਇਬਨ ਅੱਬਾਸ (ਰਜ਼ੀ.)

ਨੇ ਤੁਰੰਤ ਰੋਕਦਿਆਂ ਫ਼ਰਮਾਇਆ: *"ਨਾ ਕੋਈ ਖ਼ੈਰ (ਭਲਾਈ) ਹੈ ਨਾ ਕੋਈ ਸ਼ਰ (ਬੁਰਾਈ)।"* ਉਨ੍ਹਾਂ ਨੇ ਤੁਰੰਤ ਟੋਕਿਆ ਤਾਂਕਿ ਉਹ ਆਦਮੀ ਪੰਛੀ ਦੇ ਬੋਲਣ ਵਿੱਚ ਭਲੇ ਜਾਂ ਬੁਰੇ ਦਾ ਅਸਰ ਨਾ ਮੰਨ ਲਵੇ।

### ◈ ਅੰਧਵਿਸ਼ਵਾਸ ਦਾ ਇਲਾਜ

**ਹੇ ਮੁਸਲਮਾਨੋ!** ਕਦੇ-ਕਦੇ ਬਦਸ਼ਗੁਨੀ ਬਿਨਾਂ ਚਾਹੇ ਵੀ ਦਿਲ ਵਿੱਚ ਆ ਜਾਂਦੀ ਹੈ, ਅਤੇ ਇਹ ਅਣਚਾਹੇ ਤੌਰ 'ਤੇ ਵਾਪਰ ਜਾਂਦੀ ਹੈ ਜਿਸ ਤੋਂ ਕੋਈ ਵੀ ਪੂਰੀ ਤਰ੍ਹਾਂ ਨਹੀਂ ਬਚ ਸਕਦਾ। ਪਰ ਜਿਸ ਦੇ ਦਿਲ ਵਿੱਚ ਅਜਿਹਾ ਖ਼ਿਆਲ ਆਵੇ ਅਤੇ ਉਹ ਇਸ ਵੱਲ ਧਿਆਨ ਨਾ ਦੇਵੇ, ਅਤੇ ਆਪਣੇ ਰੱਬ 'ਤੇ ਡਰ ਅਤੇ ਉਮੀਦ ਨਾਲ ਭਰੋਸਾ ਰੱਖ ਕੇ ਜੋ ਕੰਮ ਕਰਨਾ ਚਾਹੁੰਦਾ ਸੀ ਉਹ ਕਰ ਲਵੇ, ਤਾਂ ਇਹ ਉਸ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਏਗਾ। ਅਜਿਹੇ ਸਮੇਂ ਉਸ ਨੂੰ ਉਹ ਦੁਆ ਪੜ੍ਹਨੀ ਚਾਹੀਦੀ ਹੈ ਜਿਸ ਦਾ ਹੁਕਮ ਨਬੀ ਕਰੀਮ ﷺ ਨੇ ਦਿੱਤਾ ਹੈ:

«فَإِذَا رَأَى أَحَدُكُمْ مَا يَكْرَهُ فَلْيَقُلْ: اللَّهُمَّ لَا يَأْتِي بِالْحَسَنَاتِ إِلَّا أَنْتَ، وَلَا يَدْفَعُ السَّيِّئَاتِ إِلَّا أَنْتَ، وَلَا حَوْلَ وَلَا قُوَّةَ إِلَّا بِكَ»

*"ਜਦੋਂ ਤੁਹਾਡੇ ਵਿੱਚੋਂ ਕੋਈ ਅਜਿਹੀ ਚੀਜ਼ ਵੇਖੇ ਜਿਸ ਨੂੰ ਉਹ ਨਾਪਸੰਦ ਕਰਦਾ ਹੈ, ਤਾਂ ਉਹ ਕਹੇ: ਹੇ ਅੱਲਾਹ! ਤੇਰੇ ਤੋਂ ਬਿਨਾਂ ਕੋਈ ਭਲਾਈ ਨਹੀਂ ਲਿਆ ਸਕਦਾ, ਅਤੇ ਤੇਰੇ ਤੋਂ ਬਿਨਾਂ ਕੋਈ ਬੁਰਾਈ ਨੂੰ ਦੂਰ ਨਹੀਂ ਕਰ ਸਕਦਾ, ਅਤੇ ਗੁਨਾਹਾਂ ਤੋਂ ਬਚਣ ਤੇ ਨੇਕੀ ਕਰਨ ਦੀ ਤਾਕਤ ਸਿਰਫ਼ ਤੇਰੀ ਮਦਦ ਨਾਲ ਹੈ।" (ਅਬੂ ਦਾਊਦ, ਸਹੀ ਸਨਦ)*

ਪਰ ਜੋ ਵਿਅਕਤੀ ਕੋਈ ਬੁਰੀ ਚੀਜ਼ ਵੇਖ ਕੇ ਜਾਂ ਸੁਣ ਕੇ ਬਦਸ਼ਗੁਨੀ ਦੇ ਕਾਰਨ ਆਪਣਾ ਇਰਾਦਾ ਛੱਡ ਦਿੰਦਾ ਹੈ, ਉਸ ਨੇ ਬੁਰਾ ਕੰਮ ਕੀਤਾ ਹੈ ਅਤੇ ਵੱਡਾ ਗੁਨਾਹ ਕੀਤਾ ਹੈ। ਉਸ ਨੂੰ ਤੁਰੰਤ ਅੱਲਾਹ ਤਆਲਾ ਵੱਲ ਤੌਬਾ ਕਰਨੀ ਚਾਹੀਦੀ ਹੈ।

ਹਜ਼ਰਤ ਅਬਦੁੱਲਾ ਇਬਨ ਅਮਰ (ਰਜ਼ੀ.) ਤੋਂ ਰਵਾਇਤ ਹੈ ਕਿ ਰਸੂਲੁੱਲਾਹ ﷺ ਨੇ ਫ਼ਰਮਾਇਆ:

«مَنْ رَدَّتْهُ الطِّيَرَةُ مِنْ حَاجَةٍ فَقَدْ أَشْرَكَ»

*"ਜਿਸ ਨੂੰ ਬਦਸ਼ਗੁਨੀ ਨੇ ਉਸ ਦੇ ਕੰਮ ਤੋਂ ਰੋਕ ਦਿੱਤਾ, ਉਸ ਨੇ ਸ਼ਿਰਕ ਕੀਤਾ।"*

ਸਹਾਬਾ ਨੇ ਪੁੱਛਿਆ: *"ਹੇ ਅੱਲਾਹ ਦੇ ਰਸੂਲ! ਇਸ ਦਾ ਕਫ਼ਾਰਾ (ਪ੍ਰਾਸਚਿਤ) ਕੀ ਹੈ?"* ਫ਼ਰਮਾਇਆ: ਉਹ ਇਹ ਦੁਆ ਕਰੇ:

«اللَّهُمَّ لَا خَيْرَ إِلَّا خَيْرُكَ، وَلَا طَيْرَ إِلَّا طَيْرُكَ، وَلَا إِلَهَ غَيْرُكَ»

*"ਹੇ ਅੱਲਾਹ! ਕੋਈ ਭਲਾਈ ਨਹੀਂ ਮਗਰ ਜੋ ਤੇਰੀ ਭਲਾਈ ਹੈ, ਕੋਈ ਸ਼ਗਨ ਨਹੀਂ ਮਗਰ ਜੋ ਤੇਰਾ ਸ਼ਗਨ ਹੈ, ਅਤੇ ਤੇਰੇ ਤੋਂ ਬਿਨਾਂ ਕੋਈ ਇਬਾਦਤ ਦੇ ਯੋਗ ਨਹੀਂ।" (ਅਹਿਮਦ, ਹਸਨ ਸਨਦ)*

ਇਸ ਲਈ ਮੁਸਲਮਾਨ 'ਤੇ ਲਾਜ਼ਮੀ ਹੈ ਕਿ ਉਹ ਅਜਿਹੇ ਝੂਠੇ ਅਕੀਦਿਆਂ ਤੋਂ ਬਚੇ ਅਤੇ ਹੋਰਾਂ ਨੂੰ ਵੀ ਬਚਾਵੇ। ਕਿਉਂਕਿ ਅੰਧਵਿਸ਼ਵਾਸੀ ਵਿਅਕਤੀ ਅੱਲਾਹ 'ਤੇ ਆਪਣਾ ਭਰੋਸਾ ਤੋੜ ਲੈਂਦਾ ਹੈ ਅਤੇ ਵਹਿਮ ਨਾਲ ਦਿਲ ਲਗਾ ਲੈਂਦਾ ਹੈ। ਸਗੋਂ ਉਸ ਨੂੰ ਆਪਣੇ ਰੱਬ 'ਤੇ ਭਰੋਸਾ ਕਰਨਾ ਚਾਹੀਦਾ ਹੈ ਜਿਸ ਦੇ ਹੱਥ ਵਿੱਚ ਸਾਰੇ ਮਾਮਲਿਆਂ ਦੀਆਂ ਕੁੰਜੀਆਂ ਹਨ, ਅਤੇ ਇਹ ਵਹਿਮ ਅਤੇ ਖ਼ੁਰਾਫ਼ਾਤ ਉਸ ਨੂੰ ਉਸ ਦੇ ਕੰਮਾਂ ਤੋਂ ਨਾ ਰੋਕਣ।

ਅੱਲਾਹ ਮੇਰੇ ਅਤੇ ਤੁਹਾਡੇ ਲਈ ਕੁਰਆਨ ਮਜੀਦ ਵਿੱਚ ਬਰਕਤ ਪਾਵੇ, ਅਤੇ ਮੈਨੂੰ ਤੇ ਤੁਹਾਨੂੰ ਇਸ ਦੀਆਂ ਆਇਤਾਂ ਅਤੇ ਹਿਕਮਤ ਭਰੀਆਂ ਨਸੀਹਤਾਂ ਤੋਂ ਲਾਭ ਪਹੁੰਚਾਵੇ। ਮੈਂ ਆਪਣੀ ਇਹ ਗੱਲ ਆਖਦਾ ਹਾਂ ਅਤੇ ਅੱਲਾਹ ਤੋਂ ਆਪਣੇ ਲਈ ਅਤੇ ਤੁਹਾਡੇ ਲਈ ਹਰ ਗੁਨਾਹ ਦੀ ਮਾਫ਼ੀ ਮੰਗਦਾ ਹਾਂ, ਅਤੇ ਉਸ ਵੱਲ ਤੌਬਾ ਕਰਦਾ ਹਾਂ; ਬੇਸ਼ੱਕ ਉਹ ਬਹੁਤ ਮਾਫ਼ ਕਰਨ ਵਾਲਾ, ਰਹਿਮ ਕਰਨ ਵਾਲਾ ਹੈ।

## ਦੂਜਾ ਖ਼ੁਤਬਾ

**الْحَمْدُ لِلَّهِ رَبِّ الْعَالَمِينَ، وَالصَّلَاةُ وَالسَّلَامُ عَلَى أَشْرَفِ الْمُرْسَلِينَ، نَبِيِّنَا مُحَمَّدٍ، وَعَلَى آلِهِ وَصَحْبِهِ أَجْمَعِينَ. أَمَّا بَعْدُ:**

ਮੈਂ ਤੁਹਾਨੂੰ ਅਤੇ ਆਪਣੇ ਆਪ ਨੂੰ ਅੱਲਾਹ ਤਆਲਾ ਤੋਂ ਡਰਨ (ਤਕਵਾ) ਦੀ ਨਸੀਹਤ ਕਰਦਾ ਹਾਂ; ਕਿਉਂਕਿ ਜੋ ਅੱਲਾਹ ਤੋਂ ਡਰਦਾ ਹੈ, ਅੱਲਾਹ ਉਸ ਦੀ ਰੱਖਿਆ ਕਰਦਾ ਹੈ, ਉਸ ਨੂੰ ਗੁਨਾਹਾਂ ਤੋਂ ਬਚਾਉਂਦਾ ਹੈ ਅਤੇ ਆਪਣੇ ਆਸਰੇ ਵਿੱਚ ਲੈਂਦਾ ਹੈ।

### ◆ ਬਦਸ਼ਗੂਨੀ (ਤਸ਼ਾਉਮ) ਅਤੇ ਚੰਗੇ ਸ਼ਗਨ (ਤਫ਼ਾਉਲ) ਵਿੱਚ ਫ਼ਰਕ

**ਅੱਲਾਹ ਦੇ ਬੰਦਿਓ!** ਬਦਸ਼ਗੂਨੀ (ਤਸ਼ਾਉਮ) ਅਤੇ ਨੇਕ ਫ਼ਾਲ/ਚੰਗੇ ਸ਼ਗਨ (ਤਫ਼ਾਉਲ) ਵਿੱਚ ਵੱਡਾ ਫ਼ਰਕ ਹੈ:

- **ਬਦਸ਼ਗੂਨੀ:** ਸ਼ਿਰਕ ਅਤੇ ਹਰਾਮ ਹੈ, ਜੋ ਅੱਲਾਹ ਉਜ਼-ਓ-ਜੱਲ ਨਾਲ ਬੁਰਾ ਗੁਮਾਨ ਰੱਖਣਾ ਹੈ।
- **ਨੇਕ ਫ਼ਾਲ (ਤਫ਼ਾਉਲ):** ਚੰਗਾ ਅਤੇ ਪਸੰਦ ਕੀਤਾ ਗਿਆ (ਮੁਸਤਹਬ) ਹੈ, ਜੋ ਅੱਲਾਹ ਉਜ਼-ਓ-ਜੱਲ ਨਾਲ ਚੰਗੀ ਉਮੀਦ ਰੱਖਣਾ ਹੈ। ਮੁਸਲਮਾਨ ਨੂੰ ਹਰ ਹਾਲਤ ਵਿੱਚ ਅੱਲਾਹ ਨਾਲ ਚੰਗੀ ਉਮੀਦ ਰੱਖਣ ਦਾ ਹੁਕਮ ਦਿੱਤਾ ਗਿਆ ਹੈ।

**ਨੇਕ ਫ਼ਾਲ (ਤਫ਼ਾਉਲ) ਕੀ ਹੈ?** ਇਨਸਾਨ ਅੱਲਾਹ 'ਤੇ ਭਰੋਸਾ ਕਰਕੇ ਕੋਈ ਕੰਮ ਕਰੇ ਜਾਂ ਉਸ ਦਾ ਇਰਾਦਾ ਕਰੇ, ਫਿਰ ਕੋਈ ਚੰਗਾ ਸ਼ਬਦ ਸੁਣੇ ਜੋ ਉਸ ਨੂੰ ਖ਼ੁਸ਼ ਕਰ ਦੇਵੇ, ਅਤੇ ਇਸ ਨਾਲ ਉਸ ਦਾ ਉਤਸ਼ਾਹ ਅਤੇ ਅੱਗੇ ਵਧਣ ਦਾ ਜਜ਼ਬਾ ਵਧ ਜਾਵੇ, ਉਸ ਦਾ ਸੀਨਾ ਖੁੱਲ੍ਹ ਜਾਵੇ ਅਤੇ ਦਿਲ ਪ੍ਰਸੰਨ ਹੋ ਜਾਵੇ। ਜਿਵੇਂ ਕਿਸੇ ਅਜਿਹੇ ਵਿਅਕਤੀ ਨੂੰ ਵੇਖਣਾ ਜਿਸ ਦਾ ਨਾਮ 'ਮੁਬਾਰਕ' ਹੋਵੇ, ਅਤੇ ਉਸ ਤੋਂ ਦਿਨ ਵਿੱਚ ਬਰਕਤ ਦਾ ਚੰਗਾ ਸ਼ਗਨ ਲੈਣਾ।

**ਹਦੀਸ:** ਹਜ਼ਰਤ ਅਨਸ (ਰਜ਼ੀ.) ਤੋਂ ਰਵਾਇਤ ਹੈ ਕਿ ਨਬੀ ਕਰੀਮ ﷺ ਨੇ ਫ਼ਰਮਾਇਆ:

**«لَا عَدْوَى وَلَا طِيَرَةَ، وَيُعْجِبُنِي الْفَأْلُ الصَّالِحُ: الْكَلِمَةُ الْحَسَنَةُ»**

*"ਨਾ ਕੋਈ ਬੀਮਾਰੀ ਖ਼ੁਦ ਛੂਤ ਨਾਲ ਲੱਗਦੀ ਹੈ ਅਤੇ ਨਾ ਹੀ ਕੋਈ ਬਦਸ਼ਗੂਨੀ ਹੈ, ਅਤੇ ਮੈਨੂੰ ਚੰਗਾ ਫ਼ਾਲ (ਚੰਗਾ ਬੋਲ) ਪਸੰਦ ਹੈ: ਯਾਨੀ ਚੰਗੀ ਗੱਲ।"(ਮੁੱਤਫ਼ਕ ਅਲੈਹ - ਬੁਖ਼ਾਰੀ ਤੇ ਮੁਸਲਿਮ)*

ਹੁਦੇਬੀਆ ਦੀ ਸੰਧੀ ਸਮੇਂ ਜਦੋਂ ਸੁਹੈਲ ਇਬਨ ਅਮਰ (ਰਜ਼ੀ.) ਆਏ — ਜੋ ਉਸ ਸਮੇਂ ਕਾਫ਼ਿਰ ਸਨ — ਤਾਂ ਨਬੀ ਕਰੀਮ ﷺ ਨੇ ਉਨ੍ਹਾਂ ਦੇ ਨਾਮ ਤੋਂ ਚੰਗਾ ਸ਼ਗਨ ਲੈਂਦਿਆਂ ਫ਼ਰਮਾਇਆ:

«لَقَدْ سَهُلَ لَكُمْ مِنْ أَمْرِكُمْ»

*"ਤੁਹਾਡਾ ਮਾਮਲਾ ਆਸਾਨ ਹੋ ਗਿਆ ਹੈ।"(ਬੁਖ਼ਾਰੀ)*

ਇਮਾਮ ਇਬਨ ਅਲ-ਕੱਯਿਮ (ਰਹਿਮਹੁਲਾਹ) ਫ਼ਰਮਾਉਂਦੇ ਹਨ:

*"ਚੰਗਾ ਸ਼ਗਨ (ਫ਼ਾਲ) ਲਗਾਉਣ ਵਿੱਚ ਸ਼ਿਰਕ ਦੀ ਕੋਈ ਗੱਲ ਨਹੀਂ ਹੈ, ਸਗੋਂ ਇਹ ਮਨੁੱਖੀ ਫ਼ਿਤ੍ਰਤ (ਮਨੁੱਖੀ ਸੁਭਾਅ) ਦੀ ਮੰਗ ਅਤੇ ਪਸੰਦ ਦਾ ਇਜ਼ਹਾਰ ਹੈ ਜੋ ਆਪਣੇ ਲਾਭਦਾਇਕ ਅਤੇ ਅਨੁਕੂਲ ਚੀਜ਼ਾਂ ਵੱਲ ਮਾਈਲ ਹੁੰਦਾ ਹੈ।"*

ਇਸ ਲਈ ਆਪਣੇ ਰੱਬ ਨਾਲ ਚੰਗੀ ਉਮੀਦ ਰੱਖੋ, ਆਪਣੇ ਸਾਰੇ ਮਾਮਲਿਆਂ ਵਿੱਚ ਉਸ 'ਤੇ ਭਰੋਸਾ ਕਰੋ, ਅਤੇ ਅੱਲਾਹ ਨਾਲ ਬੁਰਾ ਗੁਮਾਨ ਰੱਖਣ ਤੋਂ ਬਚੋ; ਕਿਉਂਕਿ ਉਸ ਦਾ ਹਰ ਫ਼ੈਸਲਾ ਭਲਾ ਹੈ। ਅਤੇ ਜੋ ਕਿਸੇ ਚੀਜ਼ ਨਾਲ ਦਿਲ ਲਗਾ ਲੈਂਦਾ ਹੈ, ਉਸ ਨੂੰ ਉਸੇ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ।

{عَلَيْهِ تَوَكَّلْتُ وَإِلَيْهِ أُنِيبُ}

*"ਮੈਂ ਉਸੇ 'ਤੇ ਭਰੋਸਾ ਕੀਤਾ ਅਤੇ ਉਸੇ ਵੱਲ ਰੁਜੂਅ ਕਰਦਾ ਹਾਂ।" (ਸੂਰਹ ਹੂਦ: 88)*

� ਦੁਆ (ਅਰਦਾਸ)

- اللَّهُمَّ اكْفِنَا بِحَلَالِكَ عَنْ حَرَامِكَ، وَأَغْنِنَا بِفَضْلِكَ عَمَّنْ سِوَاكَ

  *(ਹੇ ਅੱਲਾਹ! ਸਾਨੂੰ ਆਪਣੇ ਹਲਾਲ ਨਾਲ ਹਰਾਮ ਤੋਂ ਕਾਫ਼ੀ ਕਰ, ਅਤੇ ਆਪਣੇ ਫ਼ਜ਼ਲ ਨਾਲ ਆਪਣੇ ਤੋਂ ਬਿਨਾਂ ਦੂਜਿਆਂ ਤੋਂ ਬੇਨਿਆਜ਼ ਕਰ।)*

- اللَّهُمَّ حَبِّبْ إِلَيْنَا الْإِيمَانَ وَزَيِّنْهُ فِي قُلُوبِنَا، وَكَرِّهْ إِلَيْنَا الْكُفْرَ وَالْفُسُوقَ وَالْعِصْيَانَ، وَاجْعَلْنَا مِنَ الرَّاشِدِينَ

*(ਹੇ ਅੱਲਾਹ! ਸਾਡੇ ਦਿਲਾਂ ਵਿੱਚ ਈਮਾਨ ਦੀ ਮੁਹੱਬਤ ਪਾ ਅਤੇ ਇਸ ਨੂੰ ਸਾਡੇ ਦਿਲਾਂ ਵਿੱਚ ਸ਼ਿੰਗਾਰ ਦੇ, ਅਤੇ ਸਾਡੇ ਅੰਦਰ ਕੁਫ਼ਰ, ਗੁਨਾਹ ਅਤੇ ਨਾਫ਼ਰਮਾਨੀ ਦੀ ਨਫ਼ਰਤ ਪੈਦਾ ਕਰ, ਅਤੇ ਸਾਨੂੰ ਨੇਕ ਰਾਹ 'ਤੇ ਚੱਲਣ ਵਾਲਿਆਂ ਵਿੱਚੋਂ ਬਣਾ।)*

- **اللَّهُمَّ أَعِزَّ الْإِسْلَامَ وَالْمُسْلِمِينَ، وَأَذِلَّ الشِّرْكَ وَالْمُشْرِكِينَ، وَانْصُرْ دِينَكَ وَكِتَابَكَ وَسُنَّةَ نَبِيِّكَ صَلَّى اللهُ عَلَيْهِ وَسَلَّمَ وَعِبَادَكَ الْمُؤْمِنِينَ**
- *(ਹੇ ਅੱਲਾਹ! ਇਸਲਾਮ ਅਤੇ ਮੁਸਲਮਾਨਾਂ ਨੂੰ ਇੱਜ਼ਤ ਬਖ਼ਸ਼, ਸ਼ਿਰਕ ਅਤੇ ਮੁਸ਼ਰਿਕਾਂ ਨੂੰ ਜ਼ਲੀਲ ਕਰ, ਅਤੇ ਆਪਣੇ ਦੀਨ, ਆਪਣੀ ਕਿਤਾਬ, ਆਪਣੇ ਨਬੀ ﷺ ਦੀ ਸੁਨੰਤ ਅਤੇ ਆਪਣੇ ਈਮਾਨ ਵਾਲੇ ਬੰਦਿਆਂ ਦੀ ਮਦਦ ਫ਼ਰਮਾ।)*
- **اللَّهُمَّ اغْفِرْ لِلْمُسْلِمِينَ وَالْمُسْلِمَاتِ، وَالْمُؤْمِنِينَ وَالْمُؤْمِنَاتِ، الْأَحْيَاءِ مِنْهُمْ وَالْأَمْوَاتِ**
- *(ਹੇ ਅੱਲਾਹ! ਤਮਾਮ ਮੁਸਲਿਮ ਮਰਦਾਂ ਤੇ ਔਰਤਾਂ, ਅਤੇ ਮੋਮਿਨ ਮਰਦਾਂ ਤੇ ਔਰਤਾਂ ਨੂੰ ਮਾਫ਼ ਫ਼ਰਮਾ, ਚਾਹੇ ਉਹ ਜਿਉਂਦੇ ਹੋਣ ਜਾਂ ਵਫ਼ਾਤ ਪਾ ਚੁੱਕੇ ਹੋਣ।)*
- **اللَّهُمَّ ـ وَفِّقْ أَمِيرَنَا وَوَلِيَّ عَهْدِهِ لِمَا تُحِبُّ وَتَرْضَى، وَاجْعَلْ أَعْمَالَهُمَا فِي طَاعَتِكَ، وَاجْعَلْ هَذَا الْبَلَدَ آمِنًا مُطْمَئِنًّا، سَخَاءً رَخَاءً، وَسَائِرَ بِلَادِ الْمُسْلِمِينَ )**
- *ਹੇ ਅੱਲਾਹ! ਸਾਡੇ ਅਮੀਰ ਅਤੇ ਉਨ੍ਹਾਂ ਦੇ ਵਲੀ ਅਹਦ ਨੂੰ ਉਨ੍ਹਾਂ ਕੰਮਾਂ ਦੀ ਤੌਫ਼ੀਕ ਦੇ ਜਿਨ੍ਹਾਂ ਤੋਂ ਤੂੰ ਖ਼ੁਸ਼ ਹੁੰਦਾ ਹੈਂ ਅਤੇ ਪਸੰਦ ਕਰਦਾ ਹੈਂ, ਉਨ੍ਹਾਂ ਦੇ ਕੰਮਾਂ ਨੂੰ ਆਪਣੀ ਇਤਾਅਤ ਵਿੱਚ ਬਣਾ, ਅਤੇ ਇਸ ਦੇਸ਼ (ਕੁਵੇਤ) ਨੂੰ ਅਮਨ, ਚੈਨ, ਖ਼ੁਸ਼ਹਾਲੀ ਅਤੇ ਬਰਕਤ ਵਾਲਾ ਬਣਾ, ਅਤੇ ਤਮਾਮ ਮੁਸਲਿਮ ਦੇਸ਼ਾਂ ਦੀ ਰੱਖਿਆ ਫ਼ਰਮਾ।)*

*ਜੁਮਾ ਦੀ ਨਮਾਜ਼ ਲਈ ਮਾਡਲ ਖੁਤਬਾ ਤਿਆਰ ਕਰਨ ਵਾਲੀ ਕਮੇਟੀ*